# Yuba City Unified School District

# Open Enrollment

## ***ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਲਈ ਓਪੱਨ ਇੰਨਰੋਲਮੈਂਟ (ਖੁੱਲ੍ਹਾ ਦਾਖਲਾ)***

ਇੰਟਰਾ (ਡਿਸਟ੍ਰਿਕਟ ਦੇ ਵਿੱਚ)/ ਇੰਟਰ (ਇੱਕ ਡਿਸਟ੍ਰਿਕਟ ਤੋਂ ਦੂਜੇ ਡਿਸਟ੍ਰਿਕਟ) ਟ੍ਰਾਂਸਫਰ ਲਈ ਓਪੱਨ ਇੰਨਰੋਲਮੈਂਟ (ਖੁੱਲ੍ਹਾ ਦਾਖਲਾ)ਦਾ ਸਮਾਂ ਲੱਗਭੱਗ ਆ ਗਿਆ ਹੈ। ਸਕੂਲੀ ਸਾਲ 2018-2019 ਲਈ, ਆਨਲਾਈਨ ਟ੍ਰਾਂਸਫਰ ਦਾ ਸਮਾਂ 15 ਨਵੰਬਰ, 2017 ਨੂੰ ਖੁੱਲ੍ਹ ਰਿਹਾ ਹੈ ਅਤੇ ਜੋ 22 ਦਸੰਬਰ, 2017 ਤੱਕ ਜਾਰੀ ਰਹੇਗਾ। ਬੇਨਤੀ ਪ੍ਰਾਪਤ ਕਰਨ ਦੀ ਅਸਲੀ ਵਿੰਡੋ (ਸਮੇਂ) ਨੂੰ 30 ਜਨਵਰੀ ਤੋਂ ਘਟਾ ਕੇ 22 ਦਸੰਬਰ ਕਰ ਦਿੱਤਾ ਗਿਆ ਹੈ। ***ਕ੍ਰਿਪਾ ਕਰਕੇ ਇਸ ਤਬਦੀਲੀ ਨੂੰ ਧਿਆਨ ਵਿੱਚ ਰੱਖੋ।*** ਪਰਿਵਾਰਾਂ ਨੂੰ 30 ਜਨਵਰੀ ਤੱਕ ਉਹਨਾ ਦੀ ਟ੍ਰਾਂਸਫਰ ਦੀ ਅਰਜੀ ਦੀ ਸਥਿਤੀ ਬਾਰੇ ਸੂਚਨਾ ਦਿੱਤੀ ਜਾਵੇਗੀ।

ਕਿੰਡਰਗਾਰਟਨ ਟ੍ਰਾਂਸਫਰ ਲਈ ਓਪੱਨ ਇੰਨਰੋਲਮੈਂਟ (ਖੁੱਲ੍ਹਾ ਦਾਖਲਾ) ਦਾ ਸਮਾਂ ਵੱਖਰਾ ਹੈ। 1 ਮਾਰਚ ਤੋਂ ਸ਼ੁਰੂ ਹੋ ਕੇ ਜਦੋਂ ਕਿੰਡਰਗਾਰਟਨ ਲਈ ਦਾਖਲਾ ਸ਼ੁਰੂ ਹੋਵੇਗਾ, ਕਿੰਡਰਗਾਰਟਨ ਲਈ ਟ੍ਰਾਂਸਫਰ ਬੇਨਤੀਆਂ ਪ੍ਰਪਤ ਕੀਤੀਆਂ ਜਾਣਗੀਆਂ।

ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਦੇ ਕਾਰਨ, **ਸਕੂਲੀ ਸਾਲ 2018-2019 ਲਈ ਹੇਠ ਲਿਖੇ ਸਕੂਲਾਂ ਲਈ <u>ਟ੍ਰਾਂਸਫਰ ਬੰਦ ਹੈ:</u>**

- ਬਿਊਟ ਵਿਸਟਾ
- ਰਿਵਰਬੈਂਡ
- ਐਂਡਰੌਸ ਕਾਰਪੇਰੌਸ

ਜੇਕਰ ਆਪਜੀ ਦੀ **<u>ਇੰਟਰਾ ਡਿਸਟ੍ਰਿਕਟ ਟ੍ਰਾਂਸਫਰ (ਡਿਸਟ੍ਰਿਕਟ ਦੇ ਵਿੱਚ)</u>** ਲਈ ਬੇਨਤੀ ਪ੍ਰਵਾਨ ਹੋ ਜਾਂਦੀ ਹੈ ਤਾਂ ਆਪਜੀ ਨੂੰ ਉਸ ਸਕੂਲ ਲਈ ਦੁਬਾਰਾ ਬੇਨਤੀ ਪੱਤਰ ਭਰਨ ਦੀ ਲੋੜ ਨਹੀਂ ਹੈ, ਅਤੇ ਇਹ ਬੇਨਤੀ ਉਸ ਸਕੂਲ ਦੇ ਆਖਰੀ ਗ੍ਰੇਡ ਤੱਕ ਲਾਗੂ ਰਹੇਗੀ। ਇੱਕ ਨਵੇਂ ਟ੍ਰਾਂਸਫਰ ਬੇਨਤੀ ਪੱਤਰ ਦੀ ਲੋੜ ਕੇਵਲ ਉਸ ਸਮੇਂ ਹੀ ਹੋਵੇਗੀ ਜਦੋਂ ਵਿਦਿਆਰਥੀ ਐਲੀਮੈਂਟਰੀ ਅਤੇ ਜੂਨੀਅਰ ਹਾਈ; ਅਤੇ ਨਾਲ ਹੀ ਜੂਨੀਅਰ ਹਾਈ ਅਤੇ ਹਾਈ ਸਕੂਲ ਵਿੱਚ ਤਬਦੀਲ ਹੋਵੇਗਾ। ਕਿੰਡਰਗਾਰਟਨ – 8ਵੀਂ ਗ੍ਰੇਡ ਦੇ ਵਿਦਿਆਰਥੀ ਕੇਵਲ ਹਾਈ ਸਕੂਲ ਵਿੱਚ ਤਬਦੀਲੀ ਸਮੇਂ ਹੀ ਦੁਬਾਰਾ ਬੇਨਤੀ ਪੱਤਰ ਭਰਨਗੇ।

ਮਾਪੇ/ਗਾਰਡੀਅਨਾ ਲਈ ਤਬਦੀਲੀ ਦਾ ਇਹ ਬੇਨਤੀ ਪੱਤਰ ਭਰਨ ਲਈ ਆਨ-ਲਾਈਨ ਜਾਣਾ ਲਾਜ਼ਮੀਂ ਹੈ।

ਡਿਸਟ੍ਰਿਕਟ ਦੇ ਵੈੱਬ ਪੇਜ਼ (www.ycusd.org) ਤੇ **<u>Enroll</u>** ਸਿਰਲੇਖ ਦੇ ਹੇਠ ਲਿੰਕ ਦੇਖ ਸਕਦੇ ਹੋ:

http://www.ycusd.org/Enroll/District-Transfer-Requests/index.html

ਇਸ ਸਾਲ ਕੋਈ ਵੀ ਪੇਪਰ ਅਰਜੀ ਪ੍ਰਵਾਨ ਨਹੀਂ ਕੀਤੀ ਜਾਵੇਗੀ। ਜੇਕਰ ਆਪਜੀ ਨੂੰ ਕੰਮਪਿਊਟਰ ਦੀ ਲੋੜ ਹੈ ਤਾਂ ਇੱਥੇ ਡਿਸਟ੍ਰਿਕਟ ਦੇ ਆਫਿਸ 750 ਪਲੋਰਾ ਐਵਨਿਊ ਤੇ ਕੰਮਪਿਊਟਰ ਉਪਲਭਧ ਹੋਣਗੇ।

ਸਾਰੇ **<u>ਇੰਟਰ ਡਿਸਟ੍ਰਿਕਟ (ਯੂਬਾ ਸਿਟੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੀ ਹੱਦ ਬੰਦੀ ਤੋਂ ਬਾਹਰ ਰਹਿਣ ਵਾਲੇ ਵਿਦਿਆਰਥੀ)</u>** ਬੇਨਤੀ ਪੱਤਰ ਭਰਨ ਵਾਲੇ ਕੇਵਲ ਉਹੀ ਵਿਦਿਆਰਥੀ ਪ੍ਰਵਾਨ ਕੀਤੇ ਜਾਣਗੇ ਜਿਨ੍ਹਾਂ ਦੇ ਵਧੀਆ ਗ੍ਰੇਡ, ਸਕੂਲੀ ਹਾਜ਼ਰੀ ਅਤੇ ਵਿਵਹਾਰ ਹੋਣ ਦੀ ਹਿਸਟਰੀ ਬਾਰੇ ਸਕੂਲੀ ਪ੍ਰਬੰਧਕ ਵੱਲੋਂ ਫੈਸਲਾ ਕੀਤਾ ਹੋਵੇ। **<u>ਇੰਟਰ ਡਿਸਟ੍ਰਿਕਟ ਟ੍ਰਾਂਸਫਰ ਬੇਨਤੀ ਪੱਤਰ ਹਰੇਕ ਸਾਲ ਸਲਾਨਾ ਐਪਲੀਕੇਸ਼ਨ ਸਮੇਂ ਭਰਨਾ ਲਾਜ਼ਮੀਂ ਹੈ, ਨਹੀਂ ਤਾਂ ਵਿਦਿਆਰਥੀ ਨੂੰ ਵਰਤਮਾਨ (ਇਸ) ਸਕੂਲੀ ਸਾਲ ਦੇ ਅੰਤ ਤੇ ਡਰਾਪ ਕਰ ਦਿੱਤਾ ਜਾਵੇਗਾ।</u>** ਜੇਕਰ ਕੋਈ ਵਿਦਿਆਰਥੀ ਵਧੀਆ ਗ੍ਰੇਡ, ਸਕੂਲੀ ਹਾਜ਼ਰੀ ਅਤੇ ਵਿਵਹਾਰ ਕਾਇਮ ਨਹੀਂ ਰੱਖਦਾ ਤਾਂ ਸਕੂਲੀ ਪ੍ਰਿੰਸੀਪਲ ਪ੍ਰਵਾਣਿਤ ਇੰਟਰ ਡਿਸਟ੍ਰਿਕਟ **<u>ਬੇਨਤੀ ਨੂੰ ਰੱਦ ਕਰ ਸਕਦੇ ਹਨ</u>**। ਟ੍ਰਾਂਸਫਰ ਪ੍ਰਵਾਨ ਹੋਣ ਤੋਂ ਬਾਅਦ ਵੀ ਕਾਗਜ਼ੀ ਕਾਪੀ ਦੀ ਲੋੜ ਹੋਵੇਗੀ।

## ਇੱਕ ਬੇਨਤੀ ਪੱਤਰ ਦੀ ਪ੍ਰਵਾਨਗੀ ਲਈ ਗਾਈਡ ਲਾਈਨਾ:

1) ਇੰਟਰਾ ਡਿਸਟ੍ਰਿਕਟ (ਡਿਸਟ੍ਰਿਕਟ ਦੇ ਵਿੱਚ) ਅਤੇ ਇੰਟਰ ਡਿਸਟ੍ਰਿਕਟ (ਇੱਕ ਡਿਸਟ੍ਰਿਕਟ ਤੋਂ ਦੂਜੇ ਡਿਸਟ੍ਰਿਕਟ) ਟ੍ਰਾਂਸਫਰ ਲਈ ਬੇਨਤੀ ਪੱਤਰ ਲਈ ਪ੍ਰਥਮਤਾਵਾਂ
    - ਬੋਰਡ ਪਾਲਸੀ ਵਿੱਚ ਬਿਆਨ ਕੀਤੇ ਅਨੁਸਾਰ ਸਕੂਲੀ ਰਿਹਾਈਸ਼ੀ ਖੇਤਰ ਤੋਂ ਬਾਹਰ ਰਹਿਣ ਵਾਲੇ ਕਿਸੇ ਵੀ ਟ੍ਰਾਂਸਫਰ (ਤਬਦੀਲੀ) ਕਰਵਾਉਣ ਵਾਲੇ ਵਿਦਿਆਰਥੀ ਨੂੰ ਸਕੂਲ ਦੇ ਰਿਹਾਈਸ਼ੀ ਖੇਤਰ ਵਿੱਚ ਰਹਿਣ ਵਾਲੇ ਵਿਦਿਆਰਥੀ ਦੀ ਜਗ੍ਹਾ ਨਹੀਂ ਦਿੱਤੀ ਜਾ ਸਕਦੀ
    - ਵਿਦਿਆਰਥੀ ਜੋ ਪਿਛਲੇ ਸਕੂਲੀ ਸਾਲ ਦੌਰਾਨ ਪ੍ਰਵਾਨਿਤ ਇੰਟਰਾ ਡਿਸਟ੍ਰਿਕਟ ਟ੍ਰਾਂਸਫਰ ਤੇ ਸਕੂਲ ਵਿੱਚ ਹਾਜ਼ਰ ਸਨ
    - ਜਿਨ੍ਹਾਂ ਸਕੂਲਾਂ ਬਾਰੇ "ਲਗਾਤਾਰ ਖਤਰਨਾਕ" ਹੋਣ ਦਾ ਸਟੇਟ ਵੱਲੋਂ ਫੈਸਲਾ ਕੀਤਾ ਗਿਆ ਹੋਵੇ ਉਹਨਾ ਵਿੱਚੋਂ ਤਬਦੀਲੀ ਕਰਵਾਉਣ ਵਾਲੇ ਵਿਦਿਆਰਥੀ
    - ਇੰਟਰਾ ਡਿਸਟ੍ਰਿਕਟ (ਡਿਸਟ੍ਰਿਕਟ ਦੇ ਵਿੱਚ) ਬੇਨਤੀ ਪੱਤਰ ਜਿਨ੍ਹਾਂ ਵਿੱਚ ਭੈਣ-ਭਰਾ ਪਹਿਲਾਂ ਹੀ ਬੇਨਤੀ ਕਰਨ ਵਾਲੇ ਸਕੂਲ ਵਿੱਚ ਪੜ੍ਹਦੀ/ਪੜ੍ਹਦਾ ਹੋਵੇ, ਜਾਂ ਪ੍ਰਵਾਨਗੀ ਨਕਾਰੀ ਗਈ ਹੋਵੇ
    - ਕੋਈ ਵੀ ਵਿਦਿਆਰਥੀ ਜਿਸ ਦੇ ਮਾਪੇ/ਗਾਰਡੀਅਨ ਦੇ ਕੰਮ ਦੀ ਮੁੱਢਲੀ ਜਗ੍ਹਾ ਉਹੀ ਸਕੂਲ ਹੋਵੇ
    - ਯੂਬਾ ਸਿਟੀ ਯੂਨੀਫ਼ਾਈਡ ਸਕੂਲ ਡਿਸਟ੍ਰਿਕਟ ਦੇ ਹੋਰ ਸਾਰੇ ਰਹਿਣ ਵਾਲੇ
2) ਉੱਪਰ ਲਿਖੀਆਂ ਪ੍ਰਥਮਤਾਵਾਂ ਤੋਂ ਬਿਨਾ, ਜੇਕਰ ਕਿਸੇ ਸਕੂਲ ਲਈ ਉੱਪਲਭਧ ਜਗ੍ਹਾ ਤੋਂ ਜ਼ਿਆਦਾ ਬੇਨਤੀ ਪੱਤਰ ਹਨ ਤਾਂ ਸਕੂਲ ਦੀ ਸਮਰੱਥਾ ਪੂਰੀ ਹੋਣ ਤੱਕ ਵਿਦਿਆਰਥੀ ਇੰਟਰਾ ਡਿਸਟ੍ਰਿਕਟ ਟ੍ਰਾਂਸਫਰ ਬੇਨਤੀ ਪੱਤਰਾਂ ਨੂੰ ਇੱਕ ਬੇਤਰਤੀਬ, ਨਿਰਪੱਖ ਚੋਣ ਪ੍ਰਕਿਰਿਆ (ਲਾਟਰੀ) ਦੁਆਰਾ ਚੁਣਿਆ ਜਾਵੇਗਾ।
3) ਇੱਕੋ ਸਮੇ ਜਨਮੇਂ ਬਹੁਤੇ ਬੱਚਿਆਂ (ਜੌੜੇ, ਜਾਂ ਜ਼ਿਆਦਾ) ਵਿਦਿਆਰਥੀਆਂ ਨੂੰ ਲਾਟਰੀ ਵਿੱਚ ਇੱਕ ਨੰਬਰ ਹੀ ਗਿਣਿਆ ਜਾਵੇਗਾ। ਜੇਕਰ ਉਹਨਾ ਦਾ ਨੰਬਰ ਨਿਕਲਦਾ ਹੈ ਅਤੇ ਸਕੂਲ ਵਿੱਚ ਜਗ੍ਹਾ ਘੱਟ ਹੈ ਤਾਂ ਜਿੰਨੀ ਜਗ੍ਹਾ ਉੱਪਲਭਧ ਹੈ ਮਾਪੇ/ਗਾਰਡੀਅਨ ਉਹ ਲੈ ਸਕਦੇ ਹਨ ਅਤੇ ਹੋਰ ਬੱਚਿਆਂ ਨੂੰ ਵੇਟਿੰਗ ਲਿਸਟ ਤੇ ਪਾ ਸਕਦੇ ਹਨ।
4) 1 ਮਾਰਚ ਤੱਕ, ਸਾਰੇ ਬੇਨਤੀ ਪੱਤਰਾਂ ਦਾ ਫੈਸਲਾ ਹੋ ਜਾਵੇਗਾ, ਭਾਂਵੇਂ ਉਹ ਪ੍ਰਵਾਨ ਹਨ ਜਾਂ ਨਹੀਂ। ਇਹ ਸੂਚਨਾ ਘਰਾਂ ਨੂੰ ਮੇਲ ਕੀਤੀ ਜਾਵੇਗੀ। ਜੇਕਰ ਬੇਨਤੀ ਪੱਤਰ ਪ੍ਰਵਾਨ ਨਹੀਂ ਕੀਤਾ ਗਿਆ ਤਾਂ ਅਪ੍ਰਵਾਨਗੀ ਦਾ ਕਾਰਨ ਵੀ ਲਿਖਿਆ ਹੋਵੇਗਾ।
5) ਜਿਹੜੇ ਵਿਦਿਆਰਥੀਆਂ ਦੇ ਬੇਨਤੀ ਪੱਤਰ ਪ੍ਰਵਾਨ ਕੀਤੇ ਜਾਣਗੇ ਉਹਨਾ ਲਈ ਬੇਨਤੀ ਵਾਲੇ ਸਕੂਲ ਵਿੱਚ 10 ਦਿਨਾਂ ਦੇ ਅੰਦਰ ਦਾਖਲਾ ਲੈਣਾ ਲਾਜ਼ਮੀਂ ਹੋਵੇਗਾ।
6) ਇੱਕ ਖਾਸ ਸਕੂਲ ਵਿੱਚ ਦਾਖਲਾ ਇੱਕ ਵਿਦਿਆਰਥੀ ਦੇ ਅਕੈਡਮਿਕ ਜਾਂ ਐਥਲੈਟਿਕ ਪ੍ਰਦਰਸ਼ਨ ਤੋਂ ਪ੍ਰਭਾਵਿਤ ਹੋਣ ਦੇ ਅਧਾਰ ਤੇ ਨਹੀਂ ਕੀਤਾ ਜਾਣਾ ਚਾਹੀਦਾ, ਜਦ ਤੱਕ ਬੇਨਤੀ ਪੱਤਰ ਡਿਸਟ੍ਰਿਕਟ ਦੇ ਕਿਸੇ ਖਾਸ ਪ੍ਰੋਗਰਾਂਮ ਦੇ ਕਾਰਨ ਹੈ ਜੋ ਦਾਖਲੇ ਦੀ ਸ਼੍ਰੇਣੀ ਨੂੰ ਸਕੂਲੀ ਰਜਿਸਟ੍ਰੇਸ਼ਨ ਤੋਂ ਵੱਖ ਕਰਦਾ ਹੈ।
7) ਇੱਕ ਮਾਪਾ/ਗਾਰਡੀਅਨ ਟ੍ਰਾਂਸਫਰ ਦੇ ਬੇਨਤੀ ਪੱਤਰ ਦੀ ਅਪ੍ਰਵਾਨਗੀ ਬਾਰੇ ਡਿਸਟ੍ਰਿਕਟ ਵੱਲੋਂ ਲਿਖਤੀ ਸੂਚਨਾ ਮਿਲਣ ਦੇ 10 ਦਿਨ ਦੇ ਅੰਦਰ ਡਿਸਟ੍ਰਿਕਟ ਵਿੱਚ ਅਪੀਲ ਕਰ ਸਕਦੇ ਹਨ। ਨਾਲ ਹੀ, ਜੇਕਰ ਇੱਕ ਮਾਪੇ/ਗਾਰਡੀਅਨ ਨੂੰ ਲਗਦਾ ਹੈ ਕਿ ਉਹਨਾ ਨਾਲ ਵਿਤਕਰਾ ਕੀਤਾ ਗਿਆ ਹੈ ਤਾਂ ਡਿਸਟ੍ਰਿਕਟ ਦੀ ਸ਼ਿਕਾਇਤ ਕਰਨ ਦੀ ਇੱਕਸਾਰ ਕਾਰਜਪ੍ਰਣਾਲੀ (ਯੂਨੀਫਾਰਮ ਕੰਮਪਲੇਂਟ ਪ੍ਰੋਸੀਜ਼ਰ) ਅਨੁਸਾਰ ਅਪੀਲ ਕਰ ਸਕਦੇ ਹਨ।
8) ਸਪੈਸ਼ਲ ਐਜੂਕੇਸ਼ਨ ਵਾਲੇ ਵਿਦਿਆਰਥੀ ਆਈ ਈ ਪੀ ਵਿੱਚ ਪ੍ਰਵਾਣਿਤ ਜਗ੍ਹਾ ਦੇ ਬਦਲਾਓ ਨਾਲ ਆਪਣੀ ਮਰਜ਼ੀ ਦੇ ਸਕੂਲ ਵਿੱਚ ਉੱਪਰ ਲਿਖੀ ਪ੍ਰਥਮਤਾ ਦੇ ਸਿਸਟਮ ਅਤੇ ਪ੍ਰੋਗਰਾਂਮ ਵਿੱਚ ਜਗ੍ਹਾ ਦੀ ਉੱਪਲਭਧੀ ਦੇ ਅਧਾਰ ਤੇ 'ਓਪੱਨ ਇੰਨਰੋਲਮੈਂਟ' ਵਿੱਚ ਹਿੱਸਾ ਲੈ ਸਕਦੇ ਹਨ।
9) ਜਦੋਂ ਇੱਕ ਵਿਦਿਆਰਥੀ ਪ੍ਰਵਾਣਿਤ ਇੰਟਰਾ ਡਿਸਟ੍ਰਿਕਟ (ਡਿਸਟ੍ਰਿਕਟ ਦੇ ਵਿੱਚ) ਬੇਨਤੀ ਪੱਤਰ ਦੁਆਰਾ ਆਪਣੇ ਰਿਹਾਈਸ਼ੀ ਖੇਤਰ ਤੋਂ ਬਾਹਰ ਵਾਲੇ ਸਕੂਲ ਲਈ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਨਵਾਂ ਸਕੂਲ ਵਿਦਿਆਰਥੀ ਦਾ ਰਿਹਾਇਸ਼ੀ ਸਕੂਲ ਬਣ ਜਾਂਦਾ ਹੈ। ਜਿਹੜੇ ਵਿਦਿਆਰਥੀ ਦੁਬਾਰਾ ਵਾਪਸ ਆਪਣੇ ਪਹਿਲੇ ਸਕੂਲ ਵਿੱਚ ਜਾਣਾ ਚਾਹੁਣਗੇ, ਉਹਨਾ ਲਈ ਇੰਟਰਾ ਡਿਸਟ੍ਰਿਕਟ (ਡਿਸਟ੍ਰਿਕਟ ਦੇ ਵਿੱਚ) ਬੇਨਤੀ ਪੱਤਰ ਭਰਨਾ ਲਾਜ਼ਮੀਂ ਹੋਵੇਗਾ।
10) ਮਾਪੇ/ਗਾਰਡੀਅਨ ਆਪਣੇ ਬੱਚਿਆਂ ਨੂੰ ਨਵੇਂ ਸਕੂਲ ਜਿਸ ਲਈ ਉਹਨਾ ਦਾ ਬੇਨਤੀ ਪੱਤਰ ਪ੍ਰਵਾਨ ਕੀਤਾ ਗਿਆ ਹੈ, ਉਸ ਸਕੂਲ ਵਿੱਚ ਛੱਡਣ ਅਤੇ ਚੁੱਕਣ ਦੇ ਆਪ ਜ਼ਿੰਮੇਵਾਰ ਹਨ।

ENTER